# ਅਗਾਂਹਵਧੂ ਨਾਟਕਕਾਰ ਪ੍ਰਭਾਵਸ਼ਾਲੀ ਰੰਗਕਰਮੀ

*ਪ੍ਰੋ. ਹਰਭਜਨ ਸਿੰਘ*

ਗੁਰਸ਼ਰਨ ਭਾਅ ਜੀ ਕਈ ਦਿਸ਼ਾਵਾਂ ਵਿਚ ਵਿਚਰਦੇ ਰਹੇ ਹਨ, ਵਿਚਰ ਰਹੇ ਹਨ। ਉਹ ਕਈ ਖੇਤਰਾਂ ਵਿਚ ਦੀ ਲੰਘੇ ਹਨ, ਲੰਘ ਰਹੇ ਹਨ ਅਰਥਾਤ ਕਲਾ, ਸਾਹਿਤ ਤੇ ਸਭਿਆਚਾਰਕ ਮੋਰਚੇ ਉਤੇ ਉਨ੍ਹਾਂ ਦੀ ਇਕ ਵਿਲੱਖਣ ਪ੍ਰਾਪਤੀ ਹੈ। ਉਹ ਇਕ ਧਾਰਾ ਵਾਂਗ, ਇਕ ਵਰਤਾਰੇ ਵਾਂਗ, ਕਈ ਪ੍ਰਕਾਰ ਦੀਆਂ ਮਿੱਥਾਂ ਨੂੰ ਤੋੜਦੇ ਹੋਏ ਇਕ ਅਰੁਕ ਸਫ਼ਰ ਦੇ ਰੂਪ ਵਿਚ ਹਾਲੇ ਵੀ ਤੁਰੇ ਜਾ ਰਹੇ ਹਨ।

ਪੰਜਾਬ ਦਿਆਂ ਪਿੰਡਾਂ ਦਾ ਨਕਸ਼ਾ ਉਨ੍ਹਾਂ ਦੇ ਪੈਰਾਂ ਦੇ ਤਲਿਆਂ ਉਤੇ ਉਕਰਿਆ ਪਿਆ ਹੈ। ਸ਼ਹਿਰਾਂ ਵਿਚ ਸਕੂਲਾਂ, ਕਾਲਜਾਂ, ਗਰੀਬ ਬਸਤੀਆਂ ਵਿਚ ਉਨ੍ਹਾਂ ਨੇ ਆਪਣੇ ਰੰਗਕਰਮ ਦਾ ਰੰਗ ਜਮਾਉਣ ਕਈ ਯਤਨ ਕੀਤੇ। ਲੋਕ ਜਿਥੇ ਵੀ ਦਿਖੇ ਉਹ ਸੱਤ ਵਲ ਪਾ ਕੇ ਉਥੇ ਪਹੁੰਚੇ ਹਨ। ਉਨ੍ਹਾਂ ਨੇ ਲੋਕਾਂ ਨੂੰ ਨਿਰੰਤਰ ਇਕ ਸੰਦੇਸ਼ ਦਿੱਤਾ ਹੈ ਕਿ ਉਹ ਬਰਾਬਰੀ ਅਤੇ ਨਿਆਂ ਵਾਲਾ ਸਮਾਜ ਉਸਾਰਨ ਲਈ ਸ਼ੰਘਰਸ਼ ਕਰਨ, ਇਕ ਜੁੱਟ ਹੋਣ। ਜ਼ੁਲਮ, ਅਤਿਆਚਾਰ, ਸ਼ੋਸ਼ਣ ਨੂੰ ਚੁੱਪ-ਚਾਪ ਬਰਦਾਸ਼ਤ ਨਾ ਕਰਨ ਸਗੋਂ ਇਹਦੇ ਵਿਰੁੱਧ ਵਿਦਰੋਹ ਕਰਨ।

ਉਹ ਜ਼ਿੰਦਗੀ ਭਰ ਇਕ ਆਜ਼ਾਦ ਹਸਤੀ, ਆਜ਼ਾਦ ਸੋਚ, ਆਜ਼ਾਦ ਕੰਮ, ਆਜ਼ਾਦ ਕਾਰਜਸ਼ੀਲਤਾ ਦੇ ਧਾਰਨੀ ਰਹੇ ਹਨ। ਆਪਣੇ ਆਜ਼ਾਦ ਪਲੇਟਫਾਰਮ ਤੋਂ ਹੀ ਵਹਿਮਾਂ-ਭਰਮਾਂ, ਰੂੜੀਆਂ ਦੇ ਵਿਰੁੱਧ ਉਨ੍ਹਾਂ ਦੇ ਇਕ ਲੰਬੀ ਜੰਗ ਲੜੀ ਹੈ।

ਉਨ੍ਹਾਂ ਦੇ ਲਿਖੇ ਨਾਟਕਾਂ ਅਤੇ ਲੇਖਾਂ ਦਾ ਸਿਧਾਂਤਕ, ਰਾਜਨੀਤਕ ਅਤੇ ਵਿਹਾਰਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਹੋ ਸਕਦਾ ਹੈ। ਉਨ੍ਹਾਂ ਦੀ ਸੋਚ ਦੇ ਵਿਚਾਰਧਾਰਕ, ਸਿਧਾਂਤਕ, ਰਾਜਨੀਤਕ ਉਤਰਾਵਾਂ ਚੜ੍ਹਾਵਾਂ ਦਾ ਲੇਖਾ-ਜੋਖਾ ਕੀਤਾ ਜਾ ਸਕਦਾ ਹੈ, ਕਮਿਊਨਿਸਟ ਇਨਕਲਾਬੀ ਵਚਨਬੱਧਤਾ ਦੇ ਪਹਿਲੂ ਤੋਂ ਦ੍ਰਿੜਤਾ-ਥਿੜਕਨ ਨੂੰ ਤੋਲਿਆ-ਨਾਪਿਆ ਜਾ ਸਕਦਾ ਹੈ। ਪਰ ਸਮੁੱਚੀ ਜ਼ਿੰਦਗੀ ਨੂੰ, ਸਮੁੱਚੇ ਪੰਜਾਬੀ ਸਭਿਆਚਾਰ ਨੂੰ ਉਨ੍ਹਾਂ ਦੀ ਵਿਲੱਖਣ ਦੇਣ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਾ ਨਾਂ ਲੈਂਦਿਆਂ ਹੀ ਇਕ ਅਜਿਹੇ ਮਹਾਨ ਕਲਾਕਾਰ ਦਾ ਬਿੰਬ ਦਿਮਾਗ ਵਿਚ ਉਭਰਦਾ ਹੈ, ਜੋ ਸਿੱਧੇ ਸਾਦੇ ਆਮ ਲੋਕਾਂ ਦੀ ਗੱਲ ਉਨ੍ਹਾਂ ਦੀ ਬੋਲੀ ਵਿਚ ਕਰਦਾ ਹੈ ਅਤੇ ਉਨ੍ਹਾਂ ਦੇ ਦਿਲ ਨੂੰ ਧੁਰ ਅੰਦਰ ਤੱਕ ਟੁੰਬਦਾ ਹੈ।

ਹਰ ਸਮਕਾਲੀ ਸਮਾਜਿਕ-ਰਾਜਨੀਤਕ ਮਸਲੇ ਉਤੇ ਉਨ੍ਹਾਂ ਨੇ ਟਿੱਪਣੀ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਆਪਣੀ ਇਹ ਨਾਟਕੀ ਪ੍ਰਤੀਕ੍ਰਿਆ ਲੋਕਾਂ ਦੇ ਰੂਬਰੂ ਪੇਸ਼ ਕੀਤੀ ਹੈ। ਉਨ੍ਹਾਂ ਦੇ ਇਤਿਹਾਸਕ ਮਹੱਤਵ ਦੇ ਅਨੇਕ ਵਿਸ਼ਿਆਂ ਨੂੰ ਵੀ ਸਫਲਤਾ ਪੂਰਵਕ ਹੱਥ ਪਾਇਆ ਹੈ ਅਤੇ ਅੱਜ ਦੇ ਸੰਦਰਭ ਵਿਚ ਇਕ ਅਗਾਂਹਵਧੂ ਰੂਪ ਦੇ ਕੇ ਪੇਸ਼ ਕੀਤਾ ਹੈ। ਉਨ੍ਹਾਂ ਦੇ ਕਮਿਊਨਿਜ਼ਮ ਨੂੰ ਇੱਜ਼ਤਪੂਰਵਕ ਸਿਧਾਂਤ ਬਣਾਉਣ ਲਈ ਅਤੇ ਲੋਕਾਂ ਤੱਕ ਪਹੁੰਚਾਉਣ ਅਧਾਰਤ ਪ੍ਰਬੰਧ ਲਈ ਉਨ੍ਹਾਂ ਨੇ ਜੋ ਸਨੇਹਾ ਪਿੰਡ-ਪਿੰਡ ਪਹੁੰਚਾਇਆ ਹੈ ਉਸ ਕਾਰਨ ਉਨ੍ਹਾਂ ਨੂੰ ਪੰਜਾਬ ਦੇ ਸਭਿਆਚਾਰਕ ਧਾਰਤਲ ਉਤੇ ਇਕ ਮੀਲ ਪੱਥਰ ਕਿਹਾ ਜਾ ਸਕਦਾ ਹੈ।

ਗੁਰਸ਼ਰਨ ਭਾਅ ਜੀ ਇਕ ਵਚਨਬੱਧ ਕਲਾਕਾਰ ਹਨ। ਉਨ੍ਹਾਂ ਦੀ ਵਚਨਬੱਧਤਾ ਲੋਕਾਂ ਨਾਲ ਹੈ, ਦੱਬੇ-ਕੁਚਲੇ ਅਤੇ ਲੁੱਟੇ-ਪੁੱਟੇ ਲੋਕਾਂ ਨਾਲ। ਉਨ੍ਹਾਂ ਨੇ ਨਾਟਕ ਲਿਖੇ ਹੀ ਆਮ ਆਦਮੀ ਲਈ ਹਨ—ਗਰੀਬ ਲੋਕਾਂ, ਦਲਿਤ ਵਰਗਾਂ ਲਈ। ਇਨ੍ਹਾਂ ਰਾਹੀਂ ਉਨ੍ਹਾਂ ਨੇ ਉੱਚੀ ਆਵਾਜ਼ ਵਿਚ ਕਿਹਾ ਹੈ—ਜ਼ਿੰਦਗੀ, ਸਿਰਫ਼ ਲੋਕਾਂ ਦੇ ਆਪਣੇ ਸੰਘਰਸ਼ਾਂ ਨਾਲ ਹੀ ਬਦਲ ਸਕਦੀ ਹੈ। ਜ਼ਿਆਦਾਤਰ ਨਾਟਕ ਪੇਂਡੂ ਖੇਤਰਾਂ ਨਾਲ ਸੰਬੰਧਿਤ ਹੋਣ ਕਰ ਕੇ ਅਤੇ ਪੇਂਡੂ ਗਰੀਬ ਗੁਰਬਿਆਂ ਦੀ ਗਰੀਬੀ ਕਾਰਨ ਦਾ ਪਰਦਾਫਾਸ ਕਰਦੇ ਹੋਣ ਕਰਕੇ, ਪਿੰਡ ਦੇ ਚੋਧਰੀਆਂ ਨੂੰ ਲੋਕ-ਦੋਖੀਆਂ ਦੇ ਰੂਪ ਵਿਚ ਖੜ੍ਹਾ ਕਰਦੇ ਹਨ ਅਤੇ ਉਨ੍ਹਾਂ ਨੂੰ ਲੰਬੇ ਹੱਥੀਂ ਲੈਂਦੇ ਹਨ। ਸਰਕਾਰੀ ਭਰਿਸ਼ਟਾਚਾਰ ਉਤੇ ਉਂਗਲੀ ਰਖਦਿਆਂ ਹੋਇਆ ਅਤੇ ਬਗਾਵਤ ਦੇ ਸ਼ੋਲੇ ਭੜਕਾਉਂਦੇ ਹੋਇਆ, ਧਾਰਮਿਕ ਮਸੰਦਾਂ ਸਹਿਤ ਉਨ੍ਹਾਂ ਨੇ ਹਰ ਪਿਛਾਂਹ-ਖਿੱਚੂ ਸ਼ਕਤੀ ਨੂੰ ਵੰਗਾਰਿਆਂ ਹੈ। ਹਰ ਜ਼ੋਰ-ਜ਼ੁਲਮ ਅਤੇ ਬੇਇਨਸਾਫ਼ੀ ਨੂੰ ਨੰਗਾਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੇ ਜ਼ਿਆਦਾਤਰ ਨਾਟਕ ਸਮਕਾਲੀ ਮੁੱਦਿਆਂ ਨੂੰ ਆਪਣਾ ਵਿਸ਼ਾਂ ਬਣਾਉਂਦੇ ਹਨ। ਜਿਹੜੇ ਇਤਿਹਾਸਕ ਨਾਟਕ ਵੀ ਹਨ, ਉਹ ਵੀ ਆਧੁਨਿਕ ਪਰਿਪੇਖ ਵਿਚ ਲਿਖੇ ਗਏ ਹਨ। ਇਨ੍ਹਾਂ ਨਾਟਕਾਂ ਨੂੰ ਕੁੱਲ ਮਿਲਾ ਕੇ ਅਸੀਂ ਕਰਾਂਤੀਕਾਰੀ-ਸੰਵੇਦਨਾ ਅਤੇ ਜਨਵਾਦੀ-ਚੇਤਨਾ ਦਾ ਲੋਕ-ਪੱਖੀ ਪੇਂਡੂ-ਨਾਟਕ ਵੀ ਕਹਿ ਸਕਦੇ ਹਾਂ। ਇਸੇ ਕਰਕੇ ਲੋਕ-ਸੰਘਰਸ਼ ਨਾਲ ਜੁੜੀਆਂ ਹੋਈਆਂ ਪੇਂਡੂ ਨੁੱਕੜ ਨਾਟਕ ਟੀਮਾਂ ਨੇ ਇਨ੍ਹਾਂ ਨਾਟਕਾਂ ਨੂੰ ਅਪਣਾਇਆ ਹੈ ਅਤੇ ਥਾਂ-ਥਾਂ ਖੇਡਿਆ ਹੈ।

ਉਨ੍ਹਾਂ ਦੇ ਚਾਰ ਵੱਡੇ ਨਾਟਕ ਅਤੇ ਚਾਲ੍ਹੀ ਤੋਂ ਉਪਰ ਇਕਾਂਗੀ ਅਤੇ ਅਨੇਕ ਨਿਕਚੂ ਨਾਟਕ (ਨਾਟ-ਸਕਿੱਟਾਂ) ਲਿਖੇ ਹਨ। ਕੁਲ ਨਾਟਕ ਸੱਤਰ ਦੇ ਕਰੀਬ ਹਨ। ਇਨ੍ਹਾਂ ਨਾਟਕਾਂ ਦੇ ਅਧਿਐਨ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਉਹ ਅਗਾਂਹਵਧੂ-ਧਾਰਾ ਦੇ ਸ਼ਕਤੀਸ਼ਾਲੀ ਨੁੱਕੜ-ਨਾਟਕ ਰਚੇਤਾ ਹਨ। ਉਨ੍ਹਾਂ ਨੇ ਸਮਾਜਿਕ ਨਿਆਂ ਲਈ ਸੰਘਰਸ਼ ਦਾ ਜੋ ਮਿਸ਼ਨ ਇਨ੍ਹਾਂ ਨਾਟਕਾਂ ਰਾਹੀਂ ਚਲਾਇਆ ਹੈ ਅਤੇ ਨੁੱਕੜ-ਨਾਟਕ ਮੰਚਨ ਵਿਚ ਜੋ ਪ੍ਰਾਪਤੀਆਂ ਪਿਛਲੇ ਚਾਰ ਦਹਾਕਿਆਂ ਵਿਚ ਕੀਤੀਆਂ ਹਨ ਉਹ ਬਹੁਤ ਪ੍ਰਭਾਵਸ਼ਾਲੀ ਰਹੀਆਂ ਹਨ।

ਉਨ੍ਹਾਂ ਦੇ ਜਿਹੜੇ ਨਾਟਕ ਜ਼ਿਆਦਾ ਮਕਬੂਲ ਹੋਏ ਹਨ ਉਨ੍ਹਾਂ ਵਿਚ--'ਜਦੋਂ ਰੋਸ਼ਨੀ

ਹੁੰਦੀ ਹੈ', 'ਧਮਕ ਨਗਾਰੇ ਦੀ', 'ਬਾਬਾ ਬੋਲਦਾ ਹੈ', 'ਚਾਂਦਨੀ ਚੌਕ ਤੋਂ ਸਰਹਿੰਦ ਤੱਕ', 'ਨਵਾਂ ਜਨਮ', 'ਮੁਨਸ਼ੀਖਾਨ', 'ਮੌਤ ਦਰ ਮੌਤ', 'ਸੁੱਖੀ ਬਸੈ ਮਸਕੀਨੀਆ', 'ਸਮਾਜ', 'ਸੰਤਾਪ', 'ਕੰਮੀਆਂ ਦਾ ਵਿਹੜਾ', 'ਇਨਕਲਾਬ ਜ਼ਿੰਦਾਬਾਦ', 'ਜੰਗੀ ਰਾਮ ਦੀ ਹਵੇਲੀ', 'ਬੇਗਮੋ ਦੀ ਧੀ' ਆਦਿ ਸ਼ਾਮਿਲ ਹਨ। ਪਰ ਇਨ੍ਹਾਂ ਤੋਂ ਬਿਨਾਂ ਵੀ ਅਨੇਕਾਂ ਨਾਟਕ ਅਜਿਹੇ ਹੋਰ ਵੀ ਗਿਣਾਏ ਜਾ ਸਕਦੇ ਹਨ, ਜੋ ਦੂਜੇ ਲੋਕਾਂ ਦੇ ਲਿਖੇ ਉਨ੍ਹਾਂ ਨੇ ਖੇਡੇ ਹਨ ਅਤੇ ਜਿਨ੍ਹਾਂ ਨੇ ਦਰਸ਼ਕਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ।

ਉਨ੍ਹਾਂ ਦੇ ਲਿਖੇ ਅਤੇ ਖੇਡੇ ਨਾਟਕਾਂ ਵਿਚੋਂ ਜਿਹੜੇ ਵਿਵਾਦ-ਗ੍ਰਸਤ ਰਹੇ ਹਨ ਉਨ੍ਹਾਂ ਵਿਚ ਸਭ ਤੋਂ ਪਹਿਲੇ ਨੰਬਰ ਉਤੇ ਹੈ--'ਇਕ ਕੁਰਸੀ ਇਕ ਮੋਰਚਾ ਅਤੇ ਹਵਾ ਵਿਚ ਲਟਕਦੇ ਲੋਕ'।

ਨਾਟਕਾਂ ਦੇ ਨਾਲ ਨਾਲ ਉਨ੍ਹਾਂ ਦੀ ਸਟੇਜ ਤੋਂ ਪੇਸ਼ ਕੀਤੀ ਕਮੈਂਟਰੀ ਬਹੁਤ ਦਿਲਕਸ਼ ਰਹੀ ਹੈ, ਜਿਵੇਂ ਨਾਟਕ ਵਿਚ ਦੋਹਰੀ ਜਾਨ ਪਾ ਦਿੰਦੀ ਹੋਵੇ। ਗੀਤਾਂ ਬਾਰੇ ਵੀ ਇਹੀ ਕਿਹਾ ਜਾ ਸਕਦਾ ਹੈ। ਕੋਰੀਓ-ਗਰਾਫੀ ਅਤੇ ਐਕਸ਼ਨ-ਗੀਤਾਂ ਦੇ ਵੀ ਉਨ੍ਹਾਂ ਅਣਗਿਣਤ ਪ੍ਰਭਾਵਸ਼ਾਲੀ ਪ੍ਰੋਗਰਾਮ ਪੇਸ਼ ਕੀਤੇ ਹਨ। ਚਾਹੇ ਇਹ ਗੀਤ ਜਗਮੋਹਨ ਜੋਸ਼ੀ ਦੇ ਹੋਣ, ਸੰਤਰਾਮ ਉਦਾਸੀ ਦੇ ਹੋਣ, ਜੈਮਲ ਸਿੰਘ ਪੱਡਾ ਦੇ ਹੋਣ ਜਾਂ ਪਾਸ਼ ਦੀ ਕਵਿਤਾ ਹੋਵੇ। ਉਨ੍ਹਾਂ ਨੇ ਇਨ੍ਹਾਂ ਦੀ ਪੇਸ਼ਕਾਰੀ ਵਿਚ ਪੰਜਾਬੀ ਰੰਗਮੰਚ ਦੇ ਪੱਟ ਸਥਲ ਉਤੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ।

ਗੁਰਸ਼ਰਨ ਭਾਅ ਜੀ ਨੇ ਉਨ੍ਹੀ ਸੌ ਸੱਤਵੰਜਾ ਵਿਚ ਜਦੋਂ ਉਹ ਭਾਖੜਾ ਨੰਗਲ ਡੈਮ ਉਤੇ ਨੌਕਰੀ ਕਰਦੇ ਸਨ ਆਪਣਾ ਨਾਟਕ-ਸਫ਼ਰ ਸ਼ੁਰੂ ਕੀਤਾ ਅਤੇ ਚਾਰ ਦਹਾਕੇ ਬਾਅਦ ਵੀ ਇਹ ਸਫ਼ਰ ਜਾਰੀ ਹੈ। ਇਸ ਲਈ ਅਸੀਂ ਉਨ੍ਹਾਂ ਨੂੰ ਇਕ ਦਰਿਆ ਕਹਿ ਸਕਦੇ ਹਾਂ, ਇਕ ਸਮੁੰਦਰ ਵੀ ਕਹਿ ਸਕਦੇ ਹਾਂ। ਸਮੁੰਦਰ ਦੀਆਂ ਲਹਿਰਾਂ ਕਹਿ ਸਕਦੇ ਹਾਂ। ਉਹ ਇਕ ਅਰੁਕ ਵੇਗ ਹੈ, ਜਿਹੜਾ ਆਪਣੇ ਇਰਦ ਗਿਰਦ ਦੀ ਸਾਰੀ ਗੰਦਗੀ, ਤਨਹਾਈ, ਹੁੰਮਸ, ਉੱਚ-ਨੀਚ ਵਹਾ ਕੇ ਲੈ ਜਾਂਦਾ ਹੈ।

ਗੁਰਸ਼ਰਨ ਭਾਅ ਜੀ ਸਿਰਫ਼ ਪੰਜਾਬ ਵਿਚ ਹੀ ਨਹੀਂ ਵਿਚਰੇ ਹਨ, ਯੂ.ਪੀ., ਬਿਹਾਰ, ਮਹਾਰਾਸ਼ਟਰ ਆਦਿ ਸੂਬਿਆਂ ਦੇ ਦੂਰ ਦਰਾਡੇ ਦੇ ਇਲਾਕੇ ਵਿਚ ਵੀ ਗਏ ਹਨ। ਵੱਡੇ-ਵੱਡੇ ਹਿੰਦੁਸਤਾਨੀ ਸ਼ਹਿਰਾਂ ਵਿਚ ਉਨ੍ਹਾਂ ਨੇ ਨਾਟਕ ਖੇਡੇ ਹਨ, ਸਾਹਿਤਕ-ਸਭਿਆਚਾਰਕ ਪ੍ਰੋਗਰਾਮ ਕੀਤੇ ਹਨ ਅਤੇ ਆਪਣਾ ਕਰਤੱਵ ਦੇਸ਼-ਵਿਆਪੀ ਪੱਧਰ ਉਤੇ ਨਿਭਾਇਆ ਹੈ।

**ਵਿਦੇਸ਼ੀ ਦੌਰੇ**

ਉਨ੍ਹਾਂ ਨੇ ਪਰਦੇਸ਼ਾਂ ਵਿਚ ਜਾ ਕੇ ਭਾਰਤੀ ਪਰਵਾਸੀਆਂ, ਖਾਸ ਕਰਦੇ ਪੰਜਾਬੀ ਪਰਵਾਸੀਆਂ ਨੂੰ ਆਪਣੀ ਸਭਿਆਚਾਰਕ ਵਿਰਾਸਤ ਜਿਊਂਦੀ ਰੱਖਣ ਲਈ ਸੁਨੇਹਾ ਦਿੱਤਾ ਹੈ। ਉਨ੍ਹਾਂ ਨੂੰ ਪੰਜਾਬੀ ਪਰਵਾਸੀਆਂ ਵਲੋਂ ਚਾਰ ਵਾਰ ਵਿਦੇਸ਼ ਬੁਲਾਇਆ ਗਿਆ ਅਤੇ ਉਨ੍ਹਾਂ ਨੇ ਆਪਣੀ ਨਾਟਕ-ਟੀਮ ਸਾਹਿਤ ਜਾ ਕੇ ਜਾਂ ਉਥੋਂ ਦੀ ਟੀਮ ਬਣਾ ਕੇ

ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਿਚ ਕਈ ਥਾਈਂ ਨਾਟਕ ਖੇਡੇ ਹਨ।

ਰੋਜ਼ੀ-ਰੋਟੀ ਦੀ ਤਲਾਸ਼ ਵਿਚ, ਅਮੀਰ ਬਣਨ ਦੀ ਲਾਲਸਾ ਦਿਲ ਵਿਚ ਲੈ ਕੇ, ਹਿੰਦੁਸਤਾਨੀ ਖਾਸ ਕਰਕੇ ਪੰਜਾਬੀ ਦੁਨੀਆ ਦੇ ਕੋਨੇ-ਕੋਨੇ ਵਿਚ ਵਿਚਰ ਰਹੇ ਹਨ। ਪੰਜਾਬੀਆਂ ਲਈ ਇੰਗਲੈਂਡ, ਜਰਮਨ, ਕੈਨੇਡਾ, ਅਮਰੀਕਾ ਇਕ ਤਰ੍ਹਾਂ ਨਾਲ ਸਵਰਗ ਸਮਝਿਆ ਜਾਣ ਲੱਗ ਪਿਆ ਹੈ। ਪਰ ਉਹ ਕੀ-ਕੀ ਸੰਤਾਪ ਉਥੇ ਜਾ ਕੇ ਹੰਢਾਉਂਦੇ ਹਨ, ਉਨ੍ਹਾਂ ਦੇ ਦਰਦ ਦੀ ਗਾਥਾ ਵੀ ਗਾਈ-ਸੁਣਾਈ ਹੈ ਗੁਰਸ਼ਰਨ ਭਾਅ ਜੀ ਨੇ।

ਪਹਿਲੀ ਵਾਰ ਜਦੋਂ ਉਹ ਇੰਗਲੈਂਡ ਦੇ ਦੌਰੇ ਉਤੇ ਗਏ ਤਾਂ ਜਗਮੋਹਨ ਜੋਸ਼ੀ ਦੀਆਂ ਗ਼ਜ਼ਲਾਂ ਲੈ ਕੇ ਆਏ ਅਤੇ ਇਨ੍ਹਾਂ ਗ਼ਜ਼ਲਾਂ ਨੇ ਹਿੰਦੁਸਤਾਨ ਭਰ ਦੇ ਇਨਕਲਾਬੀ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਜਗਮੋਹਨ ਜੋਸ਼ੀ ਦੀਆਂ ਗ਼ਜ਼ਲਾਂ ਦੇ ਬੋਲ ਥਾਂ-ਥਾਂ ਗੂੰਜ ਉਠੇ।

ਇਹ ਨਹੀਂ ਕਿ ਉਹ ਕੁਝ ਲੈ ਕੇ ਹੀ ਆਏ ਹੋਣ, ਬਹੁਤ ਕੁਝ ਦੇ ਕੇ ਵੀ ਆਏ। ਆਪਣੀਆਂ ਇਨ੍ਹਾਂ ਫੇਰੀਆਂ ਸਮੇਂ ਉਨ੍ਹਾਂ ਨੇ ਇੰਗਲੈਂਡ, ਕੈਨੇਡਾ, ਅਮਰੀਕਾ ਵਿਚ 'ਸੰਤਾਪ' ਅਤੇ 'ਸਮਾਜ' ਵਰਗੇ ਨਾਟਕ ਖੇਲ੍ਹੇ। 'ਸੰਤਾਪ' ਤਾਂ ਲਿਖਿਆ ਹੀ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਬਾਰੇ ਹੈ। ਇਸ ਵਾਰ ਉਨ੍ਹਾਂ ਨੇ 'ਮਲੂਕਾ' ਖੇਡਿਆ, ਜੋ ਕਿ ਬਹੁਤ ਪ੍ਰਭਾਵਸ਼ਾਲੀ ਰਿਹਾ।

ਪੰਜਾਬੀ ਸਭਿਆਚਾਰ ਦੀਆਂ ਵਿਲੱਖਣ ਕਦਰਾਂ-ਕੀਮਤਾਂ ਨੂੰ ਉਨ੍ਹਾਂ ਨੇ ਉਥੇ ਜਾ ਜਾ ਕੇ ਪੇਸ਼ ਕੀਤਾ ਅਤੇ ਸਮਝਦਾਰ ਪੰਜਾਬੀਆਂ ਨੂੰ ਆਪਣੀ ਮਿੱਟੀ ਦਾ ਮੋਹ ਹੋਰ ਵੀ ਵਧੇਰੇ ਸਤਾਉਣ ਲੱਗਿਆ। ਪਰ ਉਹ ਹੁਣ ਆਪਣੇ ਵਾਪਸ ਦੇਸ ਨਹੀਂ ਪਰਤ ਸਕਦੇ। ਗੁਰਸ਼ਰਨ ਸਿੰਘ ਨੇ ਆਪਣੇ ਸ਼ਬਦਾਂ ਵਿਚ, "ਜਦੋਂ ਮੈਂ 1983 ਵਿਚ ਇੰਗਲੈਂਡ ਅਤੇ ਕੈਨੇਡਾ ਗਿਆ ਤਾਂ ਉਹ ਵਾਪਸ ਦੀਆਂ ਗੱਲਾਂ ਕਰਦੇ ਸਨ, ਪਰ ਇਸ ਵਾਰ 1997 ਵਿਚ ਉਹ ਕਹਿੰਦੇ ਸਨ – ਜਦੋਂ ਅਸੀਂ ਇਧਰ ਆਏ ਸਾਨੂੰ ਮਾਂ-ਬਾਪ, ਭੈਣ-ਭਰਾ ਛੱਡਣੇ ਪਏ ਅਤੇ ਹੁਣ ਧੀਆਂ-ਪੁੱਤ ਛੱਡਣੇ ਪੈਣਗੇ ਜੋ ਅਸੀਂ ਨਹੀਂ ਛੱਡ ਸਕਦੇ।"

## ਪਲਸ ਮੰਚ ਦੇ ਗਠਨ ਵਿਚ ਮਹਤੱਵਪੂਰਨ ਭੂਮਿਕਾ

ਪੰਜਾਬ ਲੋਕ ਸਭਿਆਚਾਰ ਮੰਚ ਦੀ ਸਥਾਪਨਾ ਨਵੰਬਰ, 1981 ਵਿਚ ਉਦੋਂ ਕੀਤੀ ਗਈ ਜਦੋਂ ਪੰਜਾਬ ਦੀ ਸਥਿਤੀ ਬੇਹੱਦ ਨਾਜ਼ੁਕ, ਸੰਤਾਪੀ ਹੋਈ ਅਤੇ ਆਤੰਕਮਈ ਸੀ। ਗੁਰਸ਼ਰਨ ਸਿੰਘ, ਪਲਸ ਮੰਚ ਦੇ ਸੰਥਾਪਕ ਪ੍ਰਧਾਨ ਹਨ ਅਤੇ ਹਾਲੇ ਤੱਕ ਇਸ ਅਹੁਦੇ ਤੇ ਕੰਮ ਕਰ ਰਹੇ ਹਨ। ਚਾਹੇ ਪਲਸ ਮੰਚ ਦੀਆਂ ਸਰਗਰਮੀਆਂ ਨੂੰ ਵਿਸ਼ਲੇਸ਼ਣਾਤਮਕ ਨਜ਼ਰੀਏ ਤੋਂ ਦੇਖਣਾ ਬਹੁਤ ਜ਼ਰੂਰੀ ਹੈ ਫਿਰ ਵੀ ਇਨ੍ਹਾਂ ਸਰਗਰਮੀਆਂ ਦੀ ਇਕ ਪ੍ਰਮੁੱਖ ਪਹਿਲੂ ਜੋ ਸਭਿਆਚਾਰ ਮੇਲੇ ਕਰਾਉਣ ਦੀ ਰੀਤ ਚਲਾਉਣੀ ਹੈ, ਇਕ ਗਿਣਨਯੋਗ ਪ੍ਰਾਪਤੀ ਹੈ।

ਪੰਜਾਬ ਵਿਚ ਸਭਿਆਚਾਰ ਮੇਲਿਆਂ ਦੀ ਇਹ ਰੀਤ ਜੋ ਉਨ੍ਹਾਂ ਨੇ ਚਲਾਈ ਹੈ, ਹੁਣ ਇਕ ਲਹਿਰ ਬਣ ਗਈ ਹੈ। ਇਨ੍ਹਾਂ ਮੇਲਿਆਂ ਵਿਚੋਂ ਪੱਚੀ-ਛੱਬੀ ਜਨਵਰੀ ਦੀ ਰਾਤ

ਅਤੇ ਮਈ ਦਿਵਸ ਦੇ ਦੋ ਵੱਡੇ ਫੰਕਸ਼ਨ ਤਾਂ ਖਾਸ ਮਹੱਤਵ ਰੱਖਦੇ ਹਨ। ਪਲਸ ਮੰਚ ਰਾਹੀਂ, ਉਹ ਨਾਟਕ ਟੀਮਾਂ ਦਾ ਇਕ ਜਾਲ ਵਿਛਾਉਣ ਵਿਚ ਵੀ ਕਾਮਯਾਬ ਰਹੇ ਹਨ। ਪਲਸ ਮੰਚ ਨਾਲ ਸੰਬੰਧਿਤ ਇਨ੍ਹਾਂ ਟੀਮਾਂ ਨੇ ਰੂੜ੍ਹੀਵਾਦੀ ਕਦਰਾਂ-ਕੀਮਤਾਂ, ਵਹਿਮਾਂ-ਭਰਮਾਂ ਅਤੇ ਸੜੇ-ਗਲੇ ਮੌਜੂਦਾ ਸਮਾਜਿਕ ਪ੍ਰਬੰਧ ਦੇ ਵਿਰੁੱਧ ਲਗਾਤਾਰ ਸੰਘਰਸ਼ ਕੀਤਾ ਹੈ। ਇਸ ਕੰਮ ਲਈ ਉਨ੍ਹਾਂ ਨੇ ਮੁੱਖ ਤੌਰ ਉਤੇ ਨਾਟ-ਕਾਰਜ ਅਤੇ ਹੋਰ ਸਭਿਆਚਾਰ ਸਰਗਰਮੀਆਂ ਨੂੰ ਇਕ ਹਥਿਆਰ ਵਜੋਂ ਵਰਤਿਆ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਸ ਮੋਰਚੇ ਉਤੇ ਗੁਰਸ਼ਰਨ ਭਾਅ ਜੀ ਨੇ ਆਪਣੇ ਵਾਰਸ ਪੈਦਾ ਕੀਤੇ ਹਨ।

ਇਸ ਨਾਲ ਰੰਗ-ਮੰਚ ਦੇ ਕਾਰਜ-ਖੇਤਰ ਦਾ ਪਸਾਰ ਹੋਇਆ ਹੈ, ਸਭਿਆਚਾਰਕ ਮੇਲਿਆਂ ਦੇ ਰਿਵਾਜ ਨਾਲ, ਇਨਕਲਾਬੀ ਸ਼ਹੀਦਾਂ ਦੇ ਪਿੰਡਾਂ ਵਿਚ ਸ਼ਹੀਦੀ ਜੋੜ-ਮੇਲਿਆਂ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਗਈ ਹੈ। ਸਭਿਆਚਾਰਕ ਫਰੰਟ ਉਤੇ ਕੰਮ ਕਰਨ ਵਾਲੇ ਕਾਰਕੁੰਨਾਂ-ਕਲਾਕਾਰਾਂ ਦੀ ਇਕ ਲੰਮੀ ਕਤਾਰ ਪੈਦਾ ਕੀਤੀ ਜਾ ਸਕੀ ਹੈ, ਜਿਨ੍ਹਾਂ ਵਿਚ ਰਲਮਿਲ ਕੇ ਬੈਠਣ ਅਤੇ ਇਕ-ਜੁੱਟ ਹੋਣ ਦੀ ਤਾਂਘ ਪੈਦਾ ਹੋਈ ਹੈ। ਉਹ ਇਕ ਦੂਜੇ ਦੇ ਕਰੀਬ ਆਏ ਹਨ। ਇਸ ਤਰ੍ਹਾਂ ਨਾਲ ਇਨਕਲਾਬੀ ਸਫ਼ਾਂ ਵਿਚ ਬਣੀਆਂ ਸੀਮਾਵਾਂ ਅਤੇ ਤੰਗ-ਨਜ਼ਰੀਆਂ ਨੂੰ ਤੋੜਣ ਦੀ ਕੋਸ਼ਿਸ਼ ਵੀ ਉਨ੍ਹਾਂ ਨੇ ਕੀਤੀ ਹੈ।

**ਪਾਸ਼ ਮੈਮੋਰੀਅਲ ਇੰਟਰਨੈਸਨਲ ਟਰਟਸ :**

ਉਹ ਪਾਸ਼ ਮੈਮੋਰੀਅਲ ਇੰਟਰਨੈਸਨਲ ਟਰਸਟ ਦੇ ਵੀ ਮੋਢੀ ਮੈਂਬਰ ਹਨ। ਇਹ ਟਰਸਟ ਮਾਰਚ, 1988 ਵਿਚ ਪਾਸ਼ ਦੀ ਸ਼ਹਾਦਤ ਤੋਂ ਬਾਅਦ ਹੋਂਦ ਵਿਚ ਆਇਆ। ਹਿੰਦੁਸਤਾਨ ਵਿਚੋਂ ਉਨ੍ਹਾਂ ਦੇ ਨਾਲ ਮਹਿੰਦਰ ਸਿੰਘ ਸੰਧੂ ਵੀ ਇਸ ਦੇ ਮੈਂਬਰ ਹਨ। ਇਸ ਟਰਸਟ ਵਲੋਂ ਹਰ ਸਾਲ 9 ਸਤੰਬਰ ਤੇ 23 ਮਾਰਚ ਨੂੰ ਦੋ ਪ੍ਰੋਗਰਾਮ ਕੀਤੇ ਜਾਂਦੇ ਹਨ। ਸਤੰਬਰ ਵਿਚ ਸ਼ਹੀਦ ਪਾਸ਼ ਦੇ ਜਨਮ ਦਿਨ ਉਤੇ, 23 ਮਾਰਚ ਨੂੰ ਸ਼ਹੀਦੀ ਦਿਵਸ ਉਤੇ ਪਾਸ਼ ਦੀਆਂ ਕਿਤਾਬਾਂ ਛਾਪਣ ਵਿਚ ਟਰਸਟ ਨੇ ਬਹੁਤ ਚੰਗੀ ਭੂਮਿਕਾ ਨਿਭਾਈ ਹੈ। ਇਕ ਇਨਾਮ ਵੀ ਪਾਸ਼ ਦੇ ਨਾਂ ਉਤੇ ਹਰ ਵਰ੍ਹੇ ਕਿਸੇ ਨਾ ਕਿਸੇ ਸਥਾਪਿਤ ਨਾਮੀ ਲੇਖਕ ਨੂੰ ਦਿੱਤਾ ਜਾਂਦਾ ਹੈ।

ਇਸ ਤੋਂ ਇਲਾਵਾ ਉਹ ਸਾਹਿਤ-ਚਿੰਤਨ ਚੰਡੀਗੜ੍ਹ ਦੇ ਵੀ ਕਨਵੀਨਰ ਹਨ। ਇਹ ਸੰਗਠਨ ਸੀ. ਪੀ. ਐਮ. ਵੱਲੋਂ ਖੜ੍ਹਾ ਕੀਤਾ ਗਿਆ ਸਥਾਨਿਕ-ਪੱਧਰ ਦਾ ਸਾਹਿਤਕ ਸੰਗਠਨ ਹੈ ਅਤੇ ਹਰ ਮਹੀਨੇ ਇਕ ਸਾਹਿਤਕ ਪ੍ਰੋਗਰਾਮ ਜ਼ਰੂਰ ਕਰਦਾ ਹੈ।

**ਰਾਜਨੀਤਕ ਉਤਰਾਅ-ਚੜ੍ਹਾਅ :**

ਉਨ੍ਹਾਂ ਦੀ ਨਾਟਕ-ਰਚਨਾ ਅਤੇ ਪੇਸ਼ਕਾਰੀ ਵਿਚ ਉਤਰਾਅ-ਚੜ੍ਹਾਅ ਜ਼ਰੂਰ ਆਉਂਦੇ ਰਹੇ ਹਨ। ਇਨ੍ਹਾਂ ਉਤਰਾਵਾਂ-ਚੜ੍ਹਾਵਾਂ ਨੂੰ ਮੁੱਖ ਤੌਰ ਉਤੇ ਤਿੰਨ ਪੜਾਵਾਂ ਵਿਚ ਵੰਡਿਆਂ ਜਾ ਸਕਦਾ ਹੈ।

1. ਨਕਸਲਬਾੜੀ ਕਿਸਾਨ ਵਿਦਰੋਹ ਤੋਂ ਪਹਿਲਾਂ ਦੇ ਨਾਟਕ।

2. ਨਕਸਲਬਾੜੀ ਇਨਕਲਾਬੀ ਅੰਦੋਲਨ ਦੇ ਉਭਾਰ ਸਮੇਂ ਦੇ ਨਾਟਕ।

3. ਇਨਕਲਾਬੀ ਅੰਦੋਲਨ ਦੇ ਠਹਿਰਾਅ ਤੋਂ ਬਾਅਦ ਦੇ ਨਾਟਕ।

ਗੁਰਸ਼ਰਨ ਭਾਅ ਜੀ ਕਮਿਊਨਿਸਟ ਅੰਦੋਲਨ ਦੇ ਵਿਕਾਸ ਦੇ ਨਾਲ ਨਾਲ ਚੱਲਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸੇ ਕਰ ਕੇ ਨਕਸਲਬਾੜੀ ਇਨਕਲਾਬੀ ਅੰਦੋਲਨ ਦੇ ਉਭਾਰ ਦੇ ਦੌਰ ਵਿਚ ਇਨਕਲਾਬੀ ਸ਼ਕਤੀਆਂ ਉਨ੍ਹਾਂ ਨੂੰ ਨਾ ਸਿਰਫ ਆਪਣਾ ਸਮਝਦੀਆਂ ਰਹੀਆਂ ਹਨ ਸਗੋਂ ਉਨ੍ਹਾਂ ਨੂੰ ਆਪਣਾ ਅਟੁੱਟ ਹਿੱਸਾ ਵੀ ਸਮਝਦੀਆਂ ਰਹੀਆਂ ਹਨ। ਉਹ ਵੀ ਵੱਧ ਚੜ੍ਹ ਕੇ ਇਨਕਲਾਬੀ ਸੰਘਰਸ਼ ਦੇ ਪੱਖ ਵਿਚ ਲਿਖਦੇ ਅਤੇ ਬੋਲਦੇ ਰਹੇ ਹਨ। ਅੱਜ ਕੱਲ੍ਹ ਚਾਹੇ ਉਹ ਫਿਰ ਸਮਾਜਿਕ ਸੁਧਾਰ ਬਾਰੇ ਜ਼ਿਆਦਾ ਗੱਲਾਂ ਕਰਦੇ ਹਨ। ਇਸੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਵਰਤਣ ਦੀ ਗੱਲ ਵੀ ਕਰਨ ਲੱਗੇ ਹਨ। ਚੋਣ ਲੜਨ ਉਤੇ ਵੀ ਜ਼ੋਰ ਦੇਣ ਲੱਗ ਪਏ ਹਨ। ਸੀ. ਪੀ. ਐਮ. ਅਤੇ ਸੀ. ਪੀ. ਆਈ. (ਐਮ) ਨੂੰ ਵੀ ਕਮਿਊਨਿਸਟ ਪਾਰਟੀਆਂ ਮੰਨਣ ਲੱਗ ਪਏ ਹਨ। ਇਹੋ ਜਿਹੀਆਂ ਗੱਲਾਂ ਉਹ ਨਕਸਲਬਾੜੀ ਕਿਸਾਨ ਵਿਦਰੋਹ ਤੋਂ ਪਹਿਲਾਂ ਦੇ ਦੌਰ ਵਿਚ ਵੀ ਆਪਣੇ ਨਾਟਕਾਂ ਵਿਚ ਅਤੇ ਨਾਟ-ਪੇਸ਼ਕਾਰੀਆਂ ਦੌਰਾਨ ਕਰਦੇ ਸਨ। ਇਹੋ ਜਿਹਾ ਉਹ ਅੱਜ ਕੱਲ੍ਹ ਲਿਖ ਵੀ ਰਹੇ ਹਨ, ਕਿਉਂਕਿ ਇਨਕਲਾਬੀ ਅੰਦੋਲਨ ਠਹਿਰਾਅ ਅਤੇ ਟੁੱਟ-ਭੱਜ ਦੀ ਲੰਬੀ ਸਥਿਤੀ ਵਿਚ ਅਟਕ ਗਿਆ ਹੈ, ਜੋ ਉਨ੍ਹਾਂ ਦੇ ਬਰਦਾਸ਼ਤ ਤੋਂ ਬਾਹਰ ਦੀ ਗੱਲ ਹੈ। ਉਹ ਇਸ ਗੱਲ ਨੂੰ ਸੁਣਨ ਲਈ ਵੀ ਤਿਆਰ ਨਹੀਂ ਕਿ ਇਨਕਲਾਬੀਆਂ ਵਿਚ ਫੁੱਟ ਇਕ ਜ਼ਰੂਰੀ ਅਤੇ ਨਾ-ਟਾਲਿਆ ਜਾਣ ਵਾਲਾ ਵਰਤਾਰਾ ਬਣ ਗਈ ਹੈ। ਉਹ ਤਾਂ ਇਥੋਂ ਤੱਕ ਮਹਿਸੂਸ ਕਰਦੇ ਹਨ ਕਿ ਸਾਰੀਆਂ ਕਮਿਊਨਿਸਟ ਧਿਰਾਂ ਨੂੰ (ਸਮੇਤ ਸੀ. ਪੀ. ਆਈ., ਸੀ.ਪੀ. ਐਮ.) ਅਸਹਿਮਤੀ ਨਾਲੋਂ ਸਹਿਮਤੀ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਮਿਲ ਦੇ ਲੋਕਾਂ ਦੇ ਮਸਲਿਆਂ ਉਤੇ ਸੰਘਰਸ਼ ਕਰਨਾ ਚਾਹੀਦਾ ਹੈ। ਇਹ ਉਨ੍ਹਾਂ ਦੀ ਪਵਿੱਤਰ ਅਤੇ ਇਮਾਨਦਾਰਾਨਾ ਭਾਵਨਾ ਹੈ।

## ਮੀਡਿਆ ਅਤੇ ਸਥਾਪਤੀ ਦੇ ਗਲਿਆਰਿਆਂ ਵਿਚ ਦਖਲ

ਕਈ ਸਰਕਾਰੀ, ਅਰਧ-ਸਰਕਾਰੀ ਸਥਾਪਿਤ ਅਦਾਰਿਆਂ ਅਤੇ ਸਥਾਪਿਤ ਸੰਸਥਾਵਾਂ ਵਿਚ ਵੀ ਉਨ੍ਹਾਂ ਨੂੰ ਸਨਮਾਨ ਤੇ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਹਿੰਦੁਸਤਾਨ ਸੰਗੀਤ ਨਾਟਕ ਅਕਾਡਮੀ ਨੇ ਉਨ੍ਹਾਂ ਨੂੰ ਪੰਜਾਬੀ ਦੇ ਪ੍ਰਮੁੱਖ ਨਾਟਕਕਾਰ ਵਜੋਂ ਸਨਮਾਨਿਤ ਕੀਤਾ ਹੈ ਅਤੇ ਸਾਲ 1993 ਦਾ ਸਰਵ-ਉੱਤਮ ਇਨਾਮ ਦਿੱਤਾ ਹੈ। ਕਈ ਹੋਰ ਸਾਹਿਤਕ ਤੇ ਨਾਟਕੀ ਸੰਸਥਾਵਾਂ ਵਲੋਂ ਵੀ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਕੇਂਦਰੀ ਲੇਖਕ ਸਭਾ, ਫੋਕਲੋਰ ਰਿਸਰਚ ਅਕੈਡਮੀ, ਸਾਡਾ ਵਿਰਸਾ ਮੰਚ ਮੋਹਾਲੀ, ਕਲਾ ਨਿਕੇਤਨ ਕੰਡਾਲਾ ਵਲੋਂ ਇਕ ਸਾਂਝੇ ਪ੍ਰੋਗਰਾਮ ਵਿਚ 1995 ਵਿਚ ਉਨ੍ਹਾਂ ਨੂੰ ਇਸ ਇਨਾਮ ਲਈ ਵਧਾਈ ਵੀ ਦਿੱਤੀ ਗਈ ਅਤੇ ਮੁੜ ਸਨਮਾਨਿਤ ਕੀਤਾ

ਗਿਆ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਨੂੰ ਵੀ ਉਨ੍ਹਾਂ ਨੂੰ ਸਨਮਾਨ ਪੱਤਰ ਦਿੱਤਾ ਜਿਸ ਵਿਚ ਬੜੇ ਵੀ ਆਦਰ-ਸਨਮਾਨ ਵਾਲੇ ਸ਼ਬਦ ਕਹੇ ਗਏ ਹਨ -- 'ਤੁਸੀਂ ਕਲਾ ਨੂੰ ਲੋਕ-ਜਾਗ੍ਰਿਤੀ ਦੇ ਨਿਸ਼ਚਿਤ ਸਿਆਸੀ ਉਦੇਸ਼ ਲਈ ਵਰਤਣ ਦੇ ਧਾਰਨੀ ਹੋ ਅਤੇ ਆਪਣੇ ਮੱਤ ਤੋਂ ਦ੍ਰਿਸ਼ਟੀ ਅਜਿਹੀ ਬੱਬਰੀ ਦਹਾੜ ਰਾਹੀਂ ਪ੍ਰਗਟਾਉਂਦੇ ਹੋ ਕਿ ਲੋਕਾਂ ਦੇ ਧੁਰ ਅੰਦਰਲੇ ਤੰਤੂ ਤੱਕ ਲਰਜ਼ ਜਾਂਦੇ ਹਨ।'

ਗੁਰਸ਼ਰਨ ਸਿੰਘ ਹੋਰਾਂ ਨੂੰ ਮੀਡਿਆ ਨੇ ਵੀ ਕਾਫੀ ਮਹੱਤਵ ਦਿੱਤਾ ਹੈ। ਉਨ੍ਹਾਂ ਦੀ ਵਿਖਿਆਤ ਮਾਨਤਾ-ਪ੍ਰਾਪਤੀ ਵਿਚ ਅਖਬਾਰ, ਮੈਗਜ਼ੀਨ, ਰੇਡੀਉ, ਟੀ. ਵੀ. ਦਾ ਇਕ ਮਹੱਤਵਪੂਰਨ ਸਹਿਯੋਗ ਰਿਹਾ ਹੈ। ਉਨ੍ਹਾਂ ਦੇ ਦੋ ਟੀ. ਵੀ. ਸੀਰੀਅਲਾਂ -- ਭਾਈ ਮੰਨਾ ਸਿੰਘ ਅਤੇ ਦਾਸਤਾਨ-ਏ-ਪੰਜਾਬ ਨੇ ਉਨ੍ਹਾਂ ਨੂੰ ਹੋਰ ਵੀ ਲੋਕਪ੍ਰਿਅ ਬਣਾ ਦਿੱਤਾ। ਉਨ੍ਹਾਂ ਨੇ ਕੁਝ ਫਿਲਮਾਂ ਵਿਚ ਵੀ ਰੋਲ ਕੀਤੇ ਹਨ।

ਸੰਗੀਤ ਅਕੈਡਮੀ ਦੇ ਇਨਾਮ ਨਾਲ ਉਨ੍ਹਾਂ ਨੂੰ ਸਮਾਜ ਦੇ ਮਧਿਅਮ ਅਤੇ ਉਚ-ਤਬਕੇ ਵਿਚ ਵੀ ਮਾਨਤਾ ਮਿਲੀ।

ਫਿਰ ਇਕ ਵਾਰ ਤਾਂ ਉਹ ਪੂਰੀ ਤਰ੍ਹਾਂ ਸਾਖਰਤਾ-ਮਿਸ਼ਨ ਨੂੰ ਹੀ ਸਮਰਪਿਤ ਹੋ ਗਏ ਸਨ। ਵਿਦਿਅਕ ਪ੍ਰਣਾਲੀ ਵਿਚ ਬੁਨਿਆਦੀ ਤਬਦੀਲੀ ਦੀ ਉਹ ਗੱਲ ਇੱਥੇ ਵੀ ਕਰਦੇ ਸਨ।

ਮੀਡਿਆ ਅਤੇ ਸਥਾਪਤੀ ਦੇ ਅਦਾਰਿਆਂ ਵਿਚ ਦਖਲ ਨਾਲ ਉਨ੍ਹਾਂ ਦੀ ਸੋਚ ਵਿਚ ਕੋਈ ਬਹੁਤਾ ਫਰਕ ਪੈ ਗਿਆ ਹੈ, ਕਹਿਣਾ ਸਹੀ ਨਹੀਂ ਹੈ। ਉਹ ਹਾਲੇ ਤੱਕ ਵੀ ਮੌਜੂਦਾ ਸਮਾਜਿਕ ਪ੍ਰਬੰਧ ਨੂੰ ਬਦਲਣ ਲਈ ਹੀ ਨਾਟਕ ਲਿਖ ਰਹੇ ਹਨ ਅਤੇ ਖੇਡ ਰਹੇ ਹਨ। ਉਹ ਹਾਲੇ ਵੀ ਅਗਾਂਹਵਧੂ ਕਿਤਾਬਾਂ ਛਾਪ ਰਹੇ ਹਨ। ਉਸੇ ਸੁਰ ਵਿਚ ਲਿਖ ਵੀ ਰਹੇ ਹਨ।

ਇਸੇ ਕਰ ਕੇ ਹੀ ਸੱਤਾ ਦੇ ਗਲਿਆਰਿਆਂ ਵਿਚ ਕਿਤੇ ਕਿਤੇ ਇਕ ਬੌਖਲਾਹਟ ਵੀ ਦੇਖਣ ਨੂੰ ਮਿਲਦੀ ਹੈ। ਇਸੇ ਬੌਖਲਾਹਟ ਕਰਕੇ ਹੀ ਕੁਝ ਤਥਾ-ਕਥਿਤ ਧਾਰਮਿਕ ਆਗੂ ਅਤੇ ਸਿਆਸਤਦਾਨ ਉਨ੍ਹਾਂ ਦੇ ਨਾਟਕਾਂ ਉਤੇ ਪਾਬੰਦੀ ਲਾਉਣ ਦੀ ਗੱਲ ਕਰਦੇ ਰਹੇ ਹਨ। ਪਰ ਇਸ ਧਮਕੀ ਦਾ ਜਿਸ ਪ੍ਰਕਾਰ ਅਗਾਂਹਵਧੂ-ਜਨਵਾਦੀ ਹਲਕਿਆਂ ਨੇ ਡਟਵਾਂ ਅਤੇ ਤਿੱਖਾ ਵਿਰੋਧ ਕੀਤਾ, ਉਸ ਨੇ ਸਿੱਧ ਕਰ ਦਿੱਤਾ ਕਿ ਗੁਰਸ਼ਰਨ ਭਾਅ ਜੀ ਲੋਕ-ਨਾਇਕ ਦਾ ਦਰਜਾ ਹਾਸਲ ਕਰ ਚੁੱਕੇ ਹਨ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰਸ਼ਰਨ ਸਿੰਘ ਜੀਂ ਇਕ ਬਹੁਪੱਖੀ ਸ਼ਖਸੀਅਤ ਹਨ। ਉਨ੍ਹਾਂ ਨੇ ਜ਼ਿੰਦਗੀ ਦੀ ਆਪ ਮਿੱਥੀ ਮੰਜ਼ਿਲ ਵੱਲ ਇਕ ਅਰੁੱਕ ਸਫਰ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਦਾ ਸਮੁੱਚਾ ਜੀਵਨ ਇਕ ਸਜੀਵ-ਗਾਥਾ (Living Legend) ਦਾ ਦਰਜਾ ਰੱਖਦਾ ਹੈ।